**ਮਤਾ ਨੰਬਰ:-91**
ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 06.06.2019 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 06.6.2019 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ :

- ਸ੍ਰੀ ਰਜਨੀਸ਼ ਡੋਗਰਾ, ਐਸ.ਈ.(ਬੀ ਐਂਡ ਆਰ) ਵਲੋਂ ਮਿਤੀ 6.6.2019 ਨੂੰ ਦੱਸਿਆ ਗਿਆ ਸੀ ਕਿ ਸਿਟੀ ਸਕੇਪ ਪ੍ਰੋਜੈਕਟ ਦੀ ਡਿਟੇਲ ਮਿਤੀ 10.6.2019 ਨੂੰ ਮੇਅਰ ਜੀ ਨੂੰ ਦੇ ਦਿੱਤੀ ਜਾਵੇਗੀ ।ਪਰ ਨਹੀਂ ਦਿੱਤੀ ਗਈ ਜਿਸ ਤੇ ਸ੍ਰੀ ਰਜਨੀਸ਼ ਡੋਗਰਾ, ਐਸ.ਈ.(ਬੀ ਐਂਡ ਆਰ) ਵਲੋਂ ਕਿਹਾ ਗਿਆ ਕਿ ਉਹ ਡਿਟੇਲ ਲੈ ਕੇ ਆਏ ਸੀ ਪਰ ਮੇਅਰ ਜੀ ਮੀਟਿੰਗ ਵਿੱਚ ਰੁੱਝੇ ਹੋਏ ਸਨ । ਹੁਣ ਇਹ ਡਿਟੇਲ ਮਿਤੀ 1.7.2019 ਨੂੰ ਦੇ ਦਿੱਤੀ ਜਾਵੇਗੀ ।
- ਮਿਤੀ 6.6.2019 ਨੂੰ ਵਾਟਰ ਸਪਰਿੰਕਲਰਾਂ ਦੀਆਂ ਲਾਗ ਬੁਕਸ ਕਮੇਟੀ ਸਨਮੁੱਖ ਪੇਸ਼ ਕਰਨ ਲਈ ਐਚ.ਓ. ਨੂੰ ਹਦਾਇਤ ਕੀਤੀ ਗਈ ਸੀ ਜਿਹੜੀਆਂ ਕਿ ਉਹਨਾਂ ਵਲੋਂ ਕਮੇਟੀ ਸਨਮੁੱਖ ਪੇਸ਼ ਕੀਤੀਆਂ ਗਈਆਂ । ਕਮੇਟੀ ਵਲੋਂ ਵਾਚਿਆ ਗਿਆ ਕਿ ਇਹ ਵਾਟਰ ਸਪਰਿੰਕਲਰਾਂ ਰੋਜ਼ਾਨਾ 100-120 ਕਿਲੋਮੀਟਰ ਚਲਦੇ ਵਿਖਾਏ ਗਏ ਹਨ ਅਤੇ ਕਮੇਟੀ ਨੂੰ ਅੰਦੇਸ਼ਾ ਹੈ ਕਿ ਰੋਜ਼ਾਨਾ ਇੰਨੇ ਕਿਲੋਮੀਟਰ ਵਾਟਰ ਸਪਰਿੰਕਲਰ ਕਿੱਥੇ ਚਲ ਰਹੇ ਹਨ । ਵਿਚਾਰਣ ਉਪਰੰਤ ਕਮੇਟੀ ਵਲੋਂ ਫੈਸਲਾ ਲਿਆ ਗਿਆ ਕਿ ਇਹਨਾਂ ਵਾਟਰ ਸਪਰਿੰਕਲਰਾਂ ਨੂੰ ਮਿਤੀ 1.4.2018 ਤੋਂ ਹੁਣ ਤੱਕ ਜਾਰੀ ਕੀਤੇ ਗਏ ਤੇਲ ਅਤੇ ਉਸਦੀ ਖ਼ਪਤ ਸਬੰਧੀ ਜਸਟੀਫਿਕੇਸ਼ਨ ਵੇਖਣ ਹਿੱਤ ਜਾਂਚ ਕਰਨ ਹਿੱਤ ਸ੍ਰੀਮਤੀ ਆਸ਼ਿਕਾ ਜੈਨ, ਆਈ.ਏ.ਐਸ., ਸੰਯੁਕਤ ਕਮਿਸ਼ਨਰ ਨੂੰ ਹਦਾਇਤ ਕੀਤੀ ਗਈ ਜੋ ਕਿ ਆਪਣੀ ਜਾਂਚ ਰਿਪੋਰਟ ਕਮੇਟੀ ਨੂੰ 20 ਦਿਨਾਂ ਦੇ ਅੰਦਰ ਅੰਦਰ ਦੇਣਗੇ ।

ਇਹਨਾਂ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
28.6.2019

**ਮਤਾ ਨੰ:-92**

ਵਿਸ਼ਾ :- ਸੁਪਰ ਸੱਕਰ ਮਸ਼ੀਨਾਂ ਰਾਹੀ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਅਵਤਾਰ ਨਗਰ ਗਲੀ ਨੰਬਰ : 13 ਅਤੇ ਬੂਟਾ ਮੰਡੀ ਦੇ ਮੇਨ ਸੀਵਰ ਦੀ ਡੀਸਲਟਿੰਗ ਕਰਵਾਉਣ ਬਾਰੇ।

(ਤਖਮੀਨਾਂ ਰੁਪਏ : 46 ਲੱਖ)

ਅਵਤਾਰ ਨਗਰ ਗਲੀ ਨੰ: 13 ਅਤੇ ਬੂਟਾ ਮੰਡੀ ਤੇ 24"×36" ਸੀਵਰ ਦੀ ਡੀ-ਸਿਲਟਿੰਗ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸੀਵਰ ਦੀ ਸਫਾਈ ਕਰਵਾਉਣ ਸਬੰਧੀ ਤਖਮੀਨਾ ਰੁਪਏ 46.00 ਲੱਖ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਆਪਣੇ ਮਤਾ ਨੰ: 179 (92) ਮਿਤੀ : 05.12.2016 ਰਾਹੀ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਨੇ ਆਪਣੇ ਪੱਤਰ ਨੰ: 31941 ਮਿਤੀ : 13.06.2018 ਰਾਹੀ ਦੇ ਦਿੱਤੀ ਹੈ।

ਸੀਵਰ ਬੋਰਡ ਨੇ ਆਪਣੇ ਪਿੱਠਅੰਕਣ ਨੰਬਰ : 3351 ਮਿਤੀ : 17.10.17 ਰਾਹੀ ਨਗਰ ਨਿਗਮ ਜਲੰਧਰ ਨੂੰ ਸੂਚਿਤ ਕੀਤਾ ਹੈ ਕਿ ਸਥਾਨਕ ਸਰਕਾਰ ਦੀ ਪੱਧਰ ਤੇ ਮੈਸਰਜ਼ APESPL-IBA JV, (Aryan Pumps, Enviro Solution Pvt. Ltd-Inderjit Bajaj & Associates JV) Pune ਨਾਲ ਸੁੱਪਰ ਸੱਕਰ ਮਸ਼ੀਨਾਂ ਰਾਹੀ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ ।ਇਸ ਪੱਤਰ ਦੇ ਲੜੀ ਨੰ: 10 ਤੇ ਸਪੱਸ਼ਟ ਕੀਤਾ ਗਿਆ ਹੈ (You will be given first preference at the time of award of the job till you show inability after your capacity is exhausted)

ਸਥਾਨਕ ਸਰਕਾਰ ਦੇ ਰੇਟ ਕੰਟਰੈਕਟ ਅਨੁਸਾਰ ਇਸ ਕੰਮ ਦਾ ਸੋਧਿਆ ਤਖਮੀਨਾਂ ਰੁਪਏ 46,00,000/- ਦਾ ਤਿਆਰ ਕੀਤਾ ਗਿਆ ਹੈ। ਸਰਕਾਰ ਵੱਲੋ ਪ੍ਰਵਾਨਿਤ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਮੈਸਰਜ਼ APESPL-IBA JV, (Aryan Pumps Enviro Solution Pvt. Ltd- Inderjit Bajaj & Associates JV) Pune ਤੋਂ ਕਰਵਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲੋੜੀਂਦੀ ਹੈ। ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵੱਲੋ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਅਤੇ ਟਰਮਜ਼ ਕੰਡੀਸ਼ਨਜ਼ ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾਵੇਗਾ। ਕਾਰਜਕਾਰੀ ਇੰਜੀਨਿਅਰ ਨੇ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸਿਫ਼ਾਰਸ਼ ਕੀਤੀ ਹੈ ।ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਅਪਣੇ ਨੋਟ ਮਿਤੀ 10/6/2019 ਰਾਂਹੀ ਤਜ਼ਵੀਜ਼ ਪ੍ਰਵਾਨ ਕਰਨ ਲਈ ਕੇਸ ਵਿੱਤ ਤੇ ਠੇਕਾ ਕਮੇਟੀ ਵਿਚ ਰੱਖਣ ਦੀ ਸਿਫ਼ਾਰਸ ਕੀਤੀ ਹੈ।ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 11/6/2019 ਰਾਂਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 12/6/2019 ਅਨੁਸਾਰ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ

ਪ੍ਰਵਾਨ ਹੈ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

28.6.2019

ਮਤਾ ਨੰ:-93

ਵਿਸ਼ਾਂ:- ਸਾਲ 2018-19 ਫਾਇਰ ਬ੍ਰਿਗੇਡ ਸਟਾਫ ਨੂੰ ਠੰਡੀ ਵਰਦੀ ਸਮੇਤ ਹੋਰ ਆਈਟਮਾਂ ਦੇਣ ਬਾਰੇ।

ਪੜ੍ਹਿਆ ਨੋਟ ਸੁਪਰਡੰਟ (ਸਟੋਰ) ਜਿਸ ਨਾਲ ਸੰਯੁਕਤ ਕਮਿਸ਼ਨਰ ਜੀ ਨੇ ਮਿਤੀ : 10.06.2019 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਫਾਇਰ ਬ੍ਰਿਗੇਡ ਸ਼ਾਖਾ ਵਲੋ ਜੋ ਤਖਮੀਨਾਂ ਰੁਪਏ 3,91,800/- ਦਾ ਤਿਆਰ ਕੀਤਾ ਗਿਆ ਸੀ। ਜਿਸ ਨੂੰ ਮਾਨਯੋਗ ਹਾਉਸ ਦੇ ਮਤਾ ਨੰ: 53 ਮਿਤੀ 25-06-2018 ਰਾਹੀ ਪ੍ਰਵਾਨ ਕੀਤਾ ਗਿਆ । ਜਿਸ ਦੀ ਪ੍ਰਵਾਨਗੀ ਸਰਕਾਰ ਦੇ ਪੱਤਰ ਨੰ: ਸ5-ਡਸਸ-ਮਸਸ-18/38187 ਮਿਤੀ 10-07-2018 ਰਾਹੀ ਦਿੱਤੀ ਗਈ ਸੀ।ਇਸ ਕੰਮ ਦੇ ਈ- ਟੈਂਡਰਿੰਗ ਰਾਹੀ ਟੈਂਡਰ ਮੰਗੇ ਗਏ ਸਨ ਜਿਸ ਵਿੱਚ ਹਰੀ ਕੰਸਟਰਕਸਨ ਦਾ ਰੇਟ ਘੱਟ ਪਾਇਆ ਗਿਆ ਸੀ। ਇਸ ਦੀ ਪ੍ਰਵਾਨਗੀ ਲੈਣ ਲਈ ਕੇਸ ਵਿਤ ਅਤੇ ਠੇਕਾ ਕੇਮਟੀ ਵਿੱਚ ਵਿਚਾਰਨ ਹਿੱਤ ਭੇਜਿਆ ਗਿਆ ਜਿਸ ਦੇ ਮਤਾ ਨੰ: 18 ਮਿਤੀ 01-3-2019 ਰਾਹੀ ਇਹ ਫੈਸਲਾ ਕੀਤਾ ਗਿਆ ਕਿ ਜਨਰਲ ਸਟੋਰ ਦੇ ਸਟਾਕ ਰਜਿਸਟਰ ਮੁਤਾਬਿਕ ਜੋ ਕੱਪੜਾ ਪਿਆ ਹੈ ਉਹ ਇਹਨਾਂ ਕਰਮਚਾਰੀਆ ਨੂੰ ਦੇ ਦਿੱਤਾ ਜਾਵੇ। ਇਹ ਮਤਾ ਪੈਂਡਿੰਗ ਰੱਖਿਆ ਗਿਆ ਸੀ।

ਇੱਥੇ ਇਹ ਦੱਸਯੋਗ ਹੈ ਕਿ ਸੰਯੁਕਤ ਕਮਿਸ਼ਨਰ ਜੀ ਦੇ ਦਫਤਰੀ ਪੱਤਰ ਨੰ: ਐਸ.ਪੀ.ਓ/133 ਮਿਤੀ 13-03-2019 ਰਾਹੀ ਫਾਇਰ ਬ੍ਰਿਗੇਡ ਸ਼ਾਖਾ ਨੂੰ ਲਿਖਿਆ ਗਿਆ ਸੀ ਕਿ ਜਨਰਲ ਸਟੋਰ ਵਿੱਚੋ ਵਰਦੀਆ ਦਾ ਕੱਪੜਾ ਲਿਆ ਜਾਵੇ, ਉਹਨਾਂ ਦੀ ਇੰਪਲਾਈਜ ਯੂਨੀਅਨ ਜਲੰਧਰ( ਰਜਿ 36/1967) ਵਲੋ ਪੱਤਰ ਨੰ: F.B.E.U/20 ਮਿਤੀ 29-5-2019 ਰਾਹੀ ਲਿਖਿਆ ਗਿਆ ਹੈ ਕਿ ਸਟੋਰ ਵਿੱਚ ਪਈਆਂ ਦਰਜਾ ਚਾਰ ਕਰਮਚਾਰੀਆ ਦੀਆਂ ਵਰਦੀਆ ਦਾ ਰੰਗ ਵੀ ਫਾਇਰ ਬ੍ਰਿਗੇਡ ਦੀ ਵਰਦੀ ਨਾਲ ਨਹੀ ਮਿਲਦਾ।ਕਿਉਕਿ ਇਹ ਬਹੁਤ ਪੁਰਾਣਾ ਕੱਪੜਾ ਹੈ ਅਤੇ ਇਸ ਕੱਪੜੇ ਦੀ ਖਰੀਦ ਬਹੁਤ ਪਹਿਲਾ ਕੀਤੀ ਗਈ ਸੀ ਸਾਡੀ ਯੂਨੀਅਨ ਮੰਗ ਕਰਦੀ ਹੈ ਕਿ ਸਾਨੂੰ ਨਵੀਆਂ ਵਰਦੀਆਂ ਦੀ ਖਰੀਦ ਕਰਕੇ ਦਿੱਤੀ ਜਾਵੇ ਜੀ।

ਯੂਨੀਅਨ ਦੀ ਮੰਗ ਤੇ ਵਿਚਾਰ ਕਰਨ ਲਈ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਪੇਸ਼ ਕਰਦੇ ਹੋਏ ਸਟੋਰ ਵਿੱਚ ਪਏ ਕੱਪੜੇ ਨੂੰ ਉਪਯੋਗ ਕਰਨ ਸਬੰਧੀ ਵੀ ਵਿਚਾਰ ਲਿਆ ਜਾਵੇ। ਉਪਰੋਕਤ ਤਜਵੀਜ਼ ਤੇ ਕਮਿਸ਼ਨਰ ਜੀ ਨੇ ਮਿਤੀ : 12.06.2019 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 19.06.2019 ਰਾਹੀ ਉਕਤ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਵਿੱਤ ਅਤੇ ਠੇਕਾ ਕਮੇਟੀ ਦਾ ਮਤਾ ਨੰ: 18 ਮਿਤੀ 1.3.2019, ਜਿਸ ਨੂੰ ਲੰਬਿਤ ਰੱਖਿਆ ਗਿਆ ਸੀ, ਨੂੰ ਪ੍ਰਵਾਨ ਕੀਤਾ ਜਾਂਦਾ ਹੈ ।ਪੁਰਾਣੇ ਸਟਾਕ ਵਿੱਚ ਪਏ ਹੋਏ ਕਪੜੇ ਬਾਰੇ ਪੁੱਛਣ ਤੇ ਕਮੇਟੀ ਨੂੰ ਸ੍ਰੀ ਹਰਚਰਨ ਸਿੰਘ, ਪੀ.ਸੀ.ਐਸ., ਸੰਯੁਕਤ ਕਮਿਸ਼ਨਰ ਨੇ ਦੱਸਿਆ ਕਿ ਉਹ ਕਪੜਾ ਬਿਲਕੁਲ ਸਹੀ ਹਾਲਤ ਵਿੱਚ ਹੈ । ਸ੍ਰੀਮਤੀ ਆਸ਼ਿਕਾ ਜੈਨ, ਆਈ.ਏ.ਐਸ., ਸੰਯੁਕਤ ਕਮਿਸ਼ਨਰ ਨੇ ਸੁਝਾਓ ਦਿੱਤਾ ਕਿ ਇਸ ਕਪੜੇ ਦੀ ਵਰਤੋਂ ਸੁਚੱਜੇ ਢੰਗ ਨਾਲ ਕਰਨ ਲਈ ਸ਼ਹਿਰ ਅੰਦਰੋ ਘਰੋਂ ਘਰੀਂ ਕੂੜਾ ਚੁੱਕਣ ਵਾਲਿਆਂ ਲਈ ਵਰਦੀਆਂ ਸਿਵਾਕੇ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ ਜਿਸ ਤੇ ਕਮੇਟੀ ਵਲੋਂ ਇਹ ਫੈਸਲਾ ਲਿਆ ਗਿਆ ਕਿ ਜਿਹੜਾ ਕਾਫੀ ਸਾਲਾਂ ਤੋਂ ਸਟੋਰ ਵਿੱਚ ਜੇ.ਸੀ.ਟੀ. ਮਿਲ ਦਾ ਵਰਦੀਆਂ ਦਾ 800-900 ਮੀਟਰ ਕਪੜਾ ਪਿਆ ਹੋਇਆ ਹੈ, ਉਹ ਅਜਿਹੇ ਰੈਗ ਪਿਕਰਜ਼ ਵਾਸਤੇ ਵਰਦੀਆਂ ਸਿਵਾਕੇ ਵਰਤੋਂ ਵਿੱਚ ਲਿਆਂਦਾ ਜਾਵੇ ਅਤੇ ਵਰਦੀਆਂ ਦੀ ਸਿਲਾਈ ਦਾ ਖ਼ਰਚਾ ਸਵੱਛ ਭਾਰਤ ਮਿਸ਼ਨ ਤਹਿਤ ਫੰਡਾਂ ਵਿੱਚੋਂ ਕਰਨ ਦੀ ਵੀ ਪ੍ਰਵਾਨਗੀ ਕਮੇਟੀ ਵਲੋਂ ਦਿੱਤੀ ਜਾਂਦੀ ਹੈ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

28.6.2019

ਮਤਾ ਨੰ:-94

ਵਿਸ਼ਾ :- Tender for demolition of the existing dilapidated four storey building excluding basement situated on BI-509, Mai Hiran Gate, Cirular Road Jalandhar.

ਪੜ੍ਹਿਆ ਨੋਟ ਟੈਂਡਰ ਸੈੱਲ ਜਿਸ ਨਾਲ ਕਾਰਜਕਾਰੀ ਇੰਜ਼ੀਨੀਅਰ (ਬੀ.ਐਂਡ.ਆਰ) ਨੇ ਸਿਫਾਰਿਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਕੰਮ ਦੇ ਤੀਸਰੀ ਬਾਰ ਟੈਂਡਰ ਐਨ.ਆਈ.ਟੀ. ਨੰ: 478 ਮਿਤੀ : 07.03.2019 ਰਾਹੀ ਮੰਗੇ ਗਏ ਸਨ ਤੇ ਕੇਵਲ ਇੱਕ ਟੈਂਡਰ ਸ਼੍ਰੀ ਅਰੁਣ ਬੇਦੀ ਦਾ ਪਾਇਆ ਗਿਆ ਤੇ ਠੇਕੇਦਾਰ ਵੱਲੋ ਇਸ ਕੰਮ ਲਈ ਬਣਦੀ ਜਮਾਨਤੀ ਰਕਮ ਰੁਪਏ : 50,000/- ਜਮ੍ਹਾਂ ਕਰਵਾਈ ਗਈ ਹੈ। ਠੇਕੇਦਾਰ ਦੀ ਵਿੱਤੀ ਬਿਡ ਅਨੁਸਾਰ ਇਸ ਬਿਲਡਿੰਗ ਨੂੰ ਢਾਉਣ ਤੋਂ ਬਾਅਦ ਮਟੀਰੀਅਲ ਦੇ ਏਵਜ਼ ਵਿੱਚ ਨਗਰ ਨਿਗਮ, ਜਲੰਧਰ ਨੂੰ ਰੁ: 5,000/- ਦੇਵੇਗਾ। ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਮਿਤੀ : 14.06.2019 ਨੂੰ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਿਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ : 20.06.2019 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ਾਂ ਰਾਹੀ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ । ਇਹ ਵੀ ਫੈਸਲਾ ਹੋਇਆ ਕਿ ਇਸ ਬਿਲਡਿੰਗ ਦਾ ਮੌਕਾ ਸਬੰਧਤ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਵਲੋਂ ਸ੍ਰੀ ਗਿਆਨ ਚੰਦ, ਮੈਂਬਰ ਅਤੇ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੂੰ ਦਿਖਾਇਆ ਜਾਵੇ ਅਤੇ ਅਗਲੀ ਮੀਟਿੰਗ ਵਿੱਚ ਉਸ ਦੀ ਰਿਪੋਰਟ ਪੇਸ਼ ਕੀਤੀ ਜਾਵੇ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

28.6.2019

ਮਤਾ ਨੰ:-95

ਵਿਸ਼ਾ:- ਓ.ਐਂਡ ਐਮ. ਸ਼ਾਖਾ ਦੇ ਟੈਂਡਰ ਪ੍ਰਵਾਨ ਕਰਨ ਦੇ ਸਬੰਧ ਵਿੱਚ।

ਪੜਿਆ ਨੋਟ ਟੈਂਡਰ ਸੈਲ (ਓ.ਐਂਡ ਐਮ.) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਓ.ਐਂਡ ਐਮ.) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਓ.ਐਂਡ ਐਮ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| Sr. No | W. No | Name of Work | Total Est. Amt. | Name of Agency | Saving %age | Tender Amt. Rs. In Lac | House Resolution | Tender called (No. of times) | No. of Tender received |
|---|---|---|---|---|---|---|---|---|---|
| 1. | 63 | ਸੁਭਾਸ ਨਗਰ ਵਾਰਡ ਨੰ: 63 ਵਿੱਚ ਨਵੀ ਸੀਵਰ ਲਾਇਨ ਪਾਉਣ ਬਾਰੇ। | 2,50,000 | Lakshya Co-op L/C Society | 10% | 2,25,000 | M.P.Lad Grant Case | 1 | 3 |
| 2. | Gen | ਕਨਸਟ੍ਰਕਸ਼ਨ ਆਫ ਆਰਜੀ ਡਿਸਪੋਜਲ ਐਟ ਰੇਰੂ ਪਿੰਡ | 4,89,582 | Nahal Co-op L/C Society | 7.13% | 4,54,674 | 168(1) dt 18-10-18 | 1 | 3 |
| 3. | 20 | ਲੇਇੰਗ ਆਫ ਨਿਊ ਸੀਵਰ ਲਾਈਨ ਇਨ ਗਲੀ ਨੰਬਰ 1 (ਰਾਜ ਦੀ ਡੇਅਰੀ) ਆਬਾਦਪੁਰਾ ਵਾਰਡ ਨੰ: 20 | 1,49,026 | Sareen Contractor, Jal | 5.51% | 1,40,815 | 91(13) dt. 25.6.2018 | 3 | 2 |
| 4. | 7 | ਇਨਸਟਾਲੇਸ਼ਨ ਆਫ ਵਾਟਰ ਸਪਲਾਈ ਲਾਈਨ ਇਨ ਕੋਟ ਰਾਮ ਦਾਸ ਆਬਾਦੀ। | 1,35,905 | Sareen Contractor Jal | 5.51% | 1,28,416. 63 | 95(37) dt 25-6-18 | 3 | 1 |
| 5. | 7 | ਪ੍ਰੋਵਾਇਡਿੰਗ ਐਂਡ ਲੇਇੰਗ ਆਫ 2" ਡਾਇਆ ਜੀ.ਆਈ ਵਾਟਰ ਸਪਲਾਈ ਲਾਈਨ ਐਟ ਹੁਸਿਆਰਪੁਰ ਰੋਡ। | 3,12,500 | Sareen Contractor, Jal | 5.51% | 2,95,281 | 68(22) dt 06-09-17 | 4 | 1 |
| 6. | 13 | ਇਸਟਾਲੇਸ਼ਨ ਆਫ ਵਾਟਰ ਸਪਲਾਈ ਲਾਈਨ ਇਨ ਏਕਤਾ ਨਗਰ ਫੋਜੀ ਵਾਲੀ ਗਲੀ । | 1,89,218 | Sareen Contractor, Jal | 5.51% | 1,78,792 | 95(31) dt 25-06-18 | 3 | 1 |
| 7. | 3 | ਸੰਜੇ ਗਾਂਧੀ ਨਗਰ ਵਿਖੇ ਸੀਵਰ ਦੀ ਲਾਈਨ ਪਾਉਣ ਬਾਰੇ। | 1,88,433 | M.K. Industry Jal. | 1% | 1,86,549 | 91(5) dt. 25.6.2018 | 3 | 2 |
| 8. | 4 | ਪ੍ਰੋਵਾਇਡਿੰਗ ਐਂਡ ਲੇਇੰਗ ਆਫ 8" ਡਾਇਆ ਸੀਵਰ ਲਾਈਨ ਇਨ ਜੇ.ਐਮ.ਸੀ ਕਲੋਨੀ ਦਾਦਾ ਕਲੋਨੀ ਜ਼ੋਨ ਨੰ: 2 | 3,05,786 | The Adhi Co. Op. L&C Society, Jal | 1% | 3,02,728 | 68(21) dt. 6.9.2017 | 5 | 1 |
| 9. | 6 | ਪ੍ਰੋਵਾਇਡਿੰਗ ਐਂਡ ਲੇਇੰਗ ਆਫ 8" ਡਾਇਆ ਸੀਵਰ ਲਾਈਨ ਐਟ ਮਾਨ ਫੈਕਟਰੀ ਵਾਲੀ ਗਲੀ ਲੰਮਾਂ ਪਿੰਡ। | 1,88,612 | The Adhi Co. Op. L&C Society, Jal | 1% | 1,86.725 | 91(6) dt. 25.6.2018 | 3 | 1 |
| 10. | 62 | ਨਿਊ ਕੈਲਾਸ਼ ਨਗਰ ਵਾਰਡ ਨੰ: 62 ਵਿੱਚ ਨਵੀ ਸੀਵਰ ਲਾਇਨ ਪਾਉਣ ਬਾਰੇ। | 2,07,788 | The Punjab Engineering Co-op L/C Society | 1% | 2,05,710 | 91(22) dt 25-06-18 | 1 | 3 |
| 11. | 63 | ਛੋਟਾ ਸਈਪੁਰ ਵਾਰਡ ਨੰ: 63 ਵਿੱਚ ਨਵੀ ਵਾਟਰ ਸਪਲਾਈ ਲਾਇਨ ਪਾਉਣ ਬਾਰੇ। | 2,50,000 | The Punjab Engineering Co-op L/C Society | 1% | 2,47,500 | M.P. Lad Grant Case | 1 | 3 |
| 12. | 6 | ਲੰਮਾਂ ਪਿੰਡ ਕਰਿਸ਼ਚਨ ਮੁਹੱਲੇ ਵਿੱਚ ਸੀਵਰ ਲਾਈਨ ਪਾਉਣ ਬਾਰੇ। | 1,32,000 | The Guru Nanak Pura Labour & Const. Co.op. Society Jal | 0.01% | 1,31,987 | 95(18) dt. 25.6.2018 | 3 | 1 |
| 13. | 20 | ਰਿਪਲੇਸਮੈਂਟ ਆਫ 6" ਡਾਇਆ ਸੀਵਰ ਲਾਈਨ ਐਟ ਮਕਦੂਮਪੁਰਾ ਨੀਅਰ ਡਿਸਪੋਜਲ (ਕਮਿਊਨਿਟੀ ਹਾਲ) ਵਾਰਡ ਨੰ: 20 | 1,92,825 | The Guru Nanak Pura Labour & Const. Co.Op. Society. Jal | 0.01% | 1,92,806 | 91(10) dt. 25.6.2018 | 3 | 1 |

| | | | | | | | | | |
|---|---|---|---|---|---|---|---|---|---|
| 14. | 22 | ਰਿਪਲੇਸਮੈਂਟ ਆਫ ਸੀਵਰ ਲਾਈਨ ਇੰਨ ਧਿਆਨੇ ਵਾਲੀ ਗਲੀ ਸੜ੍ਹਕ ਮੁਹੱਲਾ ਗੜ੍ਹਾ, ਵਾਰਡ ਨੰ: 22 | 1,35,100 | The Guru Nanak Pura Labour & Const. Co.Op. Society. Jal | 0.01% | 1,35,086 | 95(28) dt. 25.6.18 | 3 | 1 |
| 15. | 55 | ਰਿਪਲੇਸਮੈਂਟ ਆਫ ਸੀਵਰ ਲਾਈਨ ਬੈਕ ਸਾਈਡ ਤਾਰਾ ਮਾਊਂਟ ਹੋਟਲ, ਅਬਾਦਪੁਰਾ | 1,76,165 | The Guru Nanak Pura Labour & Const. Co.Op. Society. Jal | 0.01% | 1,76,147 | 179(32) dt. 5.12.16 | 6 | 1 |
| 16. | 63 | ਹਰੀ ਸਿੰਘ ਨਗਰ ਵਿਖੇ ਸੀਵਰ ਲਾਈਨ ਪਾਉਣ ਬਾਰੇ। | 1,61,306 | The Guru Nanak Pura Labour & Const. Co.Op. Society. Jal | 0.01% | 1,61,290 | 91(25) dt. 25.6.18 | 3 | 1 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਓ.ਐਂਡ.ਐਮ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਵੱਖ ਵੱਖ ਮਿਤੀਆਂ ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਮੱਦ ਵਿੱਚ ਦਰਜ ਲੜੀ ਨੰ: 4,5,6 ਅਤੇ 11 ਦੇ ਟੈਂਡਰ ਹਾਲ ਦੀ ਘੜੀ ਲੰਬਿਤ ਰੱਖੇ ਜਾਂਦੇ ਹਨ ਅਤੇ ਬਾਕੀ ਦੇ ਟੈਂਡਰਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

28.6.2019

**ਮਤਾ ਨੰ:-96**

ਵਿਸ਼ਾ:- ਨਗਰ ਨਿਗਮ ਵਿੱਚ ਵੱਖ-ਵੱਖ ਜ਼ੋਨਾਂ ਅਧੀਨ ਚੱਲ ਰਹੇ ਟਿਊਬਵੈਲਾਂ ਦੀ 2 ਸਾਲਾਂ ਲਈ ਓਪਰੇਸ਼ਨ ਅਤੇ ਇਲੈਕਟ੍ਰਿਕਲ ਮੇਨਟੀਨੈਂਸ ਬਾਬਤ ਪ੍ਰਵਾਨਿਤ ਤਖਮੀਨਿਆਂ ਦੇ ਟੈਂਡਰਾਂ ਦੀ ਪ੍ਰਵਾਨਗੀ ਬਾਰੇ।

ਪੜਿਆ ਨੋਟ ਟੈਂਡਰ ਸੈਲ (ਓ ਐਂਡ ਐਮ) ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) 1 ਅਤੇ 2 ਨੇ ਸਿਫਾਰਸ਼ ਕੀਤੀ ਹੈ ਕਿ ਨਗਰ ਨਿਗਮ ਵਿੱਚ ਵੱਖ-ਵੱਖ ਜ਼ੋਨਾਂ ਅਧੀਨ ਚੱਲ ਰਹੇ ਟਿਊਬਵੈਲਾਂ ਦੀ 2 ਸਾਲਾਂ ਲਈ ਓਪਰੇਸ਼ਨ ਅਤੇ ਇਲੈਕਟ੍ਰਿਕਲ ਮੇਨਟੀਨੈਂਸ ਬਾਬਤ ਤਖਮੀਨਿਆਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 161 ਮਿਤੀ 18.10.18 ਰਾਹੀਂ ਦਿੱਤੀ ਸੀ। ਇਹਨਾ ਕੰਮਾਂ ਦੇ 11 ਟੈਂਡਰ ( ਲੜੀ ਨੰ: 1 ਤੋ 11) ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 23.01.19 ਲਈ ਮੰਗੇ ਗਏ ਸਨ। ਇਹਨਾ ਤਖਮੀਨਿਆਂ ਦੇ ਟੈਂਡਰ ਐਨ.ਆਈ.ਟੀ, ਟਰਮਜ਼ ਕੰਡੀਸ਼ਨਜ਼ ਅਤੇ ਅਲੀਜੀਬਿਲਟੀ ਕਰਾਈਟੀਰਿਆ ਤਿਆਰ ਕਰਕੇ ਐਨ.ਆਈ.ਟੀ ਦੀਆਂ ਸ਼ਰਤਾਂ ਅਨੁਸਾਰ ਇਹਨਾਂ ਕੰਮਾਂ ਲਈ ਪ੍ਰਾਪਤ ਟੈਂਡਰਾਂ ਵਿੱਚੋ **ਸਟਾਰ ਰੇਟ ਕੈਲਕੁਲੇਟ** ਕਰਕੇ ਵੱਖ-ਵੱਖ ਜ਼ੋਨਾਂ ਦੇ ਕੰਮ ਇਕ ਹੀ ਰੇਟ ਤੇ ਅਲੀਜੀਬਿਲਟੀ ਕਰਾਈਟੀਰਿਆ ਅਨੁਸਾਰ ਠੇਕੇਦਾਰਾਂ ਨੂੰ ਅਲਾਟ ਕੀਤੇ ਜਾਣੇ ਸਨ। ਇਹਨਾ ਕੰਮਾਂ ਵਿੱਚੋ ਕੇਵਲ ਲੜੀ ਨੰ: 1,2,8,9 ਦੀਆਂ 3-3 ਬਿਡਾਂ ਪ੍ਰਾਪਤ ਹੋਇਆ ਸਨ ਅਤੇ ਬਾਕੀ ਲੜੀ ਨੰ: 3,4,5,6,7,10 ਅਤੇ 11 ਦੀਆਂ ਕੇਵਲ 1-1 ਬਿਡਾਂ ਪ੍ਰਾਪਤ ਹੋਈਆਂ ਸਨ। ਕਿਉ ਜ਼ੋ ਕੰਮ ਸਟਾਰ ਰੇਟ ਤੇ ਅਲਾਟ ਕੀਤੇ ਜਾਣੇ ਸਨ, ਇਸ ਲਈ ਇਹਨਾਂ ਸਾਰੇ ਕੰਮਾਂ ਦੀਆਂ ਤਕਨੀਕੀ ਬਿਡਾਂ ਖੋਲਣ ਉਪਰੰਤ ਵਿੱਤੀ ਬਿਡਾਂ ਖੋਲੀਆਂ ਗਈਆਂ ਸਨ। ਟੈਂਡਰ ਖੋਲਣ ਉਪਰੰਤ ਸਟਾਰ ਰੇਟ 61.30% ਘੱਟ ਰੇਟ ਤੇ ਟੈਂਡਰ ਅਲਾਟ ਕਰਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪ੍ਰਵਾਨਗੀ ਹਿੱਤ ਪੇਸ਼ ਕੀਤਾ ਗਿਆ ਸੀ। ਵਿੱਤ ਅਤੇ ਠੇਕਾ ਕਮੇਟੀ ਵੱਲੋਂ ਅਪਣੇ ਮਤਾ ਨੰ: 52 ਮਿਤੀ 1.03.19 ਰਾਹੀਂ ਇਹ ਫੈਸਲਾ ਕੀਤਾ ਗਿਆ ਕਿ :- ***" ਵਿਚਾਰਣ ਉਪਰੰਤ ਮਤੇ ਵਿੱਚ ਦਰਜ ਲੜੀ ਨੰ: 1,2,8 ਅਤੇ 9 ਟੈਂਡਰ ਪ੍ਰਵਾਨ ਕੀਤੇ ਜਾਂਦੇ ਹਨ ਅਤੇ ਲੜੀ ਨੰ: 3,4,5,6,7,10 ਅਤੇ 11 ਦੇ ਟੈਂਡਰ ਰੱਦ ਕੀਤੇ ਜਾਂਦੇ ਹਨ ਅਤੇ ਇਹ ਟੈਂਡਰ ਦੋਬਾਰਾ ਮੰਗੇ ਜਾਣ"***

ਵਿੱਤ ਅਤੇ ਠੇਕਾ ਕਮੇਟੀ ਦੇ ਮਤੇ ਦੇ ਸਨਮੁੱਖ ਬਾਕੀ ਦੇ ਟੈਂਡਰ ਦੂਸਰੀ ਵਾਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 13.06.19 ਲਈ ਮੰਗੇ ਗਏ ਸਨ। ਵੱਖ-ਵੱਖ ਜ਼ੋਨਾਂ ਦੇ ਸਾਰੇ ਗਰੁਪਾਂ ਦੀਆਂ 3-3 ਬਿਡਾਂ ਪ੍ਰਾਪਤ ਹੋਇਆ। ਵਿਭਾਗ ਵੱਲੋਂ ਨਿਰਧਾਰਿਤ ਸਟਾਰ ਰੇਟ ਦੀ ਕੰਡੀਸ਼ਨਜ਼ ਅਤੇ ਹੈਲਦੀ ਕੰਪੀਟੀਸ਼ਨ ਨੂੰ ਮੁੱਖ ਰੱਖਦੇ ਹੋਏ ਸਾਰੇ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਖੋਲੀਆਂ ਗਈਆਂ ਜ਼ੋ ਕਿ ਮਿਆਰ ਤੇ ਪੂਰੀਆਂ ਸਨ। ਇਸ ਲਈ ਇਹਨਾਂ ਦੀਆਂ ਵਿੱਤੀ ਬਿਡਾਂ ਵੀ ਖੋਲੀਆਂ ਗਈਆਂ ਅਤੇ ਜ਼ੋਨ-ਗਰੁਪ ਵਾਇਜ਼ ਪ੍ਰਾਪਤ ਵਿੱਤੀ ਬਿਡਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਓਪਰੇਸ਼ਨ ਅਤੇ ਇਲੈਕਟ੍ਰਿਕਲ ਮੇਨਟੀਨੈਂਸ ਆਫ ਟਿਊਬਵੈਲ ਤਖਮੀਨੇ ਅਨੁਸਾਰ 2 ਸਾਲ ਲਈ | ਤਖਮੀਨਾ ਰੁਪਏ | ਅਜੰਸੀ ਦਾ ਨਾਮ ਅਤੇ ਪ੍ਰਾਪਤ ਸੇਵਿੰਗ | | |
|---|---|---|---|---|---|
| 1 | ਜ਼ੋਨ 2<br>(68 ਟਿਊਬਵੈਲ) | 7686720/- | ਐਸ ਕੇ ਈ ਇੰਜੀਨੀਅਰਜ਼<br>ਸੇਵਿੰਗ 30.00% | ਅੱਜੇ ਇੰਜੀਨੀਅਰਿੰਗ ਕੰਪਨੀ<br>ਸੇਵਿੰਗ 13.13% | ਜੀ.ਕੇ ਇੰਜੀਨੀਅਰਜ਼ ਕੋ-ਆਪ ਐਲ.ਸੀ ਸੁਸਾਈਟੀ<br>ਸੇਵਿੰਗ 6.00% |
| 2 | ਜ਼ੋਨ 3 (ਪਾਰਟ-1<br>46 ਟਿਊਬਵੈਲ) | 5199840/- | ਐਸ ਕੇ ਈ ਇੰਜੀਨੀਅਰਜ਼<br>ਸੇਵਿੰਗ 30.00% | ਅੱਜੇ ਇੰਜੀਨੀਅਰਿੰਗ ਕੰਪਨੀ<br>ਸੇਵਿੰਗ 13.13% | ਜੀ.ਕੇ ਇੰਜੀਨੀਅਰਜ਼ ਕੋ-ਆਪ ਐਲ.ਸੀ ਸੁਸਾਈਟੀ<br>ਸੇਵਿੰਗ 6.00% |
| 3 | ਜ਼ੋਨ 3 (ਪਾਰਟ-2<br>45 ਟਿਊਬਵੈਲ) | 5086800/- | ਐਸ ਕੇ ਈ ਇੰਜੀਨੀਅਰਜ਼<br>ਸੇਵਿੰਗ 30.00% | ਅੱਜੇ ਇੰਜੀਨੀਅਰਿੰਗ ਕੰਪਨੀ<br>ਸੇਵਿੰਗ 13.13% | ਜੀ.ਕੇ ਇੰਜੀਨੀਅਰਜ਼ ਕੋ-ਆਪ ਐਲ.ਸੀ ਸੁਸਾਈਟੀ<br>ਸੇਵਿੰਗ 6.00% |
| 4 | ਜ਼ੋਨ 4 (ਪਾਰਟ-1<br>66 ਟਿਊਬਵੈਲ) | 7367568/- | ਐਸ ਕੇ ਈ ਇੰਜੀਨੀਅਰਜ਼<br>ਸੇਵਿੰਗ 30.00% | ਅੱਜੇ ਇੰਜੀਨੀਅਰਿੰਗ ਕੰਪਨੀ<br>ਸੇਵਿੰਗ 13.13% | ਜੀ.ਕੇ ਇੰਜੀਨੀਅਰਜ਼ ਕੋ-ਆਪ ਐਲ.ਸੀ ਸੁਸਾਈਟੀ<br>ਸੇਵਿੰਗ 6.00% |
| 5 | ਜ਼ੋਨ 4 (ਪਾਰਟ-2<br>44 ਟਿਊਬਵੈਲ) | 4917792/- | ਐਸ ਕੇ ਈ ਇੰਜੀਨੀਅਰਜ਼<br>ਸੇਵਿੰਗ 30.00% | ਅੱਜੇ ਇੰਜੀਨੀਅਰਿੰਗ ਕੰਪਨੀ<br>ਸੇਵਿੰਗ 13.13% | ਜੀ.ਕੇ ਇੰਜੀਨੀਅਰਜ਼ ਕੋ-ਆਪ ਐਲ.ਸੀ ਸੁਸਾਈਟੀ<br>ਸੇਵਿੰਗ 6.00% |
| 6 | ਜ਼ੋਨ 6 (ਪਾਰਟ-1<br>26 ਟਿਊਬਵੈਲ ਅਤੇ 3 ਓ.ਐਚ.ਐਸ.ਆਰ) | 4367712/- | ਐਸ ਕੇ ਈ ਇੰਜੀਨੀਅਰਜ਼<br>ਸੇਵਿੰਗ 30.00% | ਅੱਜੇ ਇੰਜੀਨੀਅਰਿੰਗ ਕੰਪਨੀ<br>ਸੇਵਿੰਗ 13.13% | ਜੀ.ਕੇ ਇੰਜੀਨੀਅਰਜ਼ ਕੋ-ਆਪ ਐਲ.ਸੀ ਸੁਸਾਈਟੀ<br>ਸੇਵਿੰਗ 6.00% |
| 7 | ਜ਼ੋਨ 6 (ਪਾਰਟ-2<br>37 ਟਿਊਬਵੈਲ | 4182480/- | ਐਸ ਕੇ ਈ ਇੰਜੀਨੀਅਰਜ਼<br>ਸੇਵਿੰਗ 30.00% | ਅੱਜੇ ਇੰਜੀਨੀਅਰਿੰਗ ਕੰਪਨੀ<br>ਸੇਵਿੰਗ 13.13% | ਜੀ.ਕੇ ਇੰਜੀਨੀਅਰਜ਼ ਕੋ-ਆਪ ਐਲ.ਸੀ ਸੁਸਾਈਟੀ<br>ਸੇਵਿੰਗ 6.00% |

ਉਪਰੋਕਤ ਟੇਬਲ ਅਨੁਸਾਰ ਲੋਐਸਟ ਰੇਟ ਸੇਵਿੰਗ 30.00% ਦਾ ਪ੍ਰਾਪਤ ਹੋਇਆ ਹੈ, ਜ਼ੋ ਕਿ ਸਾਰੇ ਟੈਂਡਰਾਂ ਲਈ ਮੈਸਰਜ਼ ਐਸ ਕੇ ਈ ਇੰਜੀਨੀਅਰਜ਼ ਕੰਪਨੀ ਜਲੰਧਰ ਦਾ ਹੈ। ਇਥੇ ਵਰਣਨਯੋਗ ਹੈ ਕਿ ਲੜੀ ਨੰ: 6 ਤੇ ਦਰਸ਼ਾਏ ਗਏ ਕੰਮ ਲਈ ਤਖਮੀਨੇ ਵਿੱਚ ਓ.ਐਚ.ਐਸ.ਆਰ ਦੇ ਓਪਰੇਸ਼ਨ ਲਈ ਅਨ-ਸਕੀਲਡ ਕਰਮਚਾਰੀਆਂ ਦਾ ਉਪਬੰਧ ਕੀਤਾ ਗਿਆ ਹੈ। ਇਹਨਾ ਕਰਮਚਾਰੀਆਂ ਨੂੰ

ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋਂ ਸਮੇ-ਸਮੇ ਸਿਰ ਨਿਰਧਾਰਿਤ ਕੀਤੀਆਂ ਮਿਨੀਮਮ ਵੇਜਿਜ਼, ਈ.ਪੀ.ਐਫ ਅਤੇ ਈ.ਐਸ.ਆਈ ਪੂਰੇ ਦੇ ਪੂਰੇ ਹੀ ਦੇਣਯੋਗ ਹੋਣਗੇ। ਮਿਨੀਮਮ ਵੇਜਿਜ਼, ਈ.ਪੀ.ਐਫ ਅਤੇ ਈ.ਐਸ.ਆਈ ਦੀ ਦਰਾ ਤੇ ਕਿਸੇ ਕਿਸਮ ਦੀ ਕੋਈ ਸੇਵਿੰਗ ਨਹੀ ਕੱਟੀ ਜਾਵੇਗੀ। ਵਿਸ਼ੇ ਅਧੀਨ ਕੰਮਾਂ ਦੇ ਪ੍ਰਾਪਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨਿਅਰ (ਓ.ਐਂਡ.ਐਮ) ਸ਼ਾਖਾ ਨੇ ਮਿਤੀ 19.6.2019 ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 20.6.2019 ਰਾਹੀਂ ਲਿਖਿਆ ਹੈ ਕਿ *"The F&CC under the direction of Chairman had sought for re-tendering. Now the rates are on higher side. The clause (5) of General Terms & Conditions may be persued. Submitted for order."*

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਸਬੰਧਤ ਠੇਕੇਦਾਰ ਅਜੰਸੀ ਨੂੰ ਰੇਟ ਘਟਾਉਣ ਲਈ ਨੈਗੋਸ਼ਿਏਸ਼ਨ ਲਈ ਬੁਲਾਇਆ ਗਿਆ ਅਤੇ ਨੈਗੋਸ਼ਿਏਸ਼ਨ ਕਰਨ ਉਪਰੰਤ ਠੇਦੇਦਾਰ ਅਜੰਸੀ ਦੀ ਸਹਿਮਤੀ ਨਾਲ ਇਹ ਟੈਂਡਰ 37% ਸੇਵਿੰਗ ਨਾਲ ਪ੍ਰਵਾਨ ਕੀਤੇ ਜਾਂਦੇ ਹਨ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

28.6.2019

**ਮਤਾ ਨੰ:-97**

ਵਿਸ਼ਾ:- ਟੈਂਡਰ ਪ੍ਰਵਾਨ ਕਰਨ ਦੇ ਸਬੰਧ ਵਿੱਚ। **(ਸਵੱਛ ਭਾਰਤ ਮਿਸ਼ਨ ਗ੍ਰਾਂਟ)**

ਪੜਿਆ ਨੋਟ ਟੈਂਡਰ ਸੈਲ (ਬੀ ਐਂਡ ਆਰ) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-ਰੁਪਏ ਲੱਖਾਂ ਵਿੱਚ

| Sr. No | W. No | Name of Work | Est. Amt. | BoQ Amt | Name of Agency | Saving %age | Tender Amt. Rs. In Lac | House Resolution | Tender called (No. of times) | No. of Tender Received |
|---|---|---|---|---|---|---|---|---|---|---|
| 1 | Gen. | Construction of "Centre for collection" of Garbage at Partap Bagh. | 16.10 | 12.60 | Sh. Jaswinderjit Singh | 11.00 | 11.21 | Anticipation Dt. 09.05.19 | 1st | 04 |
| 2 | Gen. | Construction of "Centre for composting" including MRF and compost pits in Nangal Shama Village. | 43.95 | 43.79 | Sh. Vikas Bansal | 3.88 | 42.09 | Anticipation Dt. 09.05.19 | 1st | 03 |
| 3 | Gen. | Construction of Centre for compost, pits, MRF and Boundary wall including sheds in Village Barring G.T. Road. | 39.74 | 39.74 | Sh. Rajesh Bansal | 3.84 | 38.21 | Anticipation Dt. 09.05.19 | 1st | 03 |
| 4 | 60 | Repair of Garbage Dump near Vikas Puri on Tanda Road W.No.60 | 12.91 | 12.35 | Sh. Rajesh Bansal | 2.84 | 12.00 | Anticipation Dt. 09.05.19 | 1st | 03 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। । ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਮਿਤੀ 14.6.19 ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 18.6.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਮੱਦ ਵਿੱਚ ਦਰਜ ਲੜੀ ਨੰ: 2,3 ਅਤੇ 4 ਦੇ ਟੈਂਡਰਾਂ ਸਬੰਧੀ ਜੇਕਰ ਠੇਕੇਦਾਰ / ਏਜੰਸੀਆਂ 5% ਸੇਵਿੰਗ ਲਈ ਸਹਿਮਤ ਹੋਵੇ ਤਾਂ ਇਹ ਟੈਂਡਰ ਪ੍ਰਵਾਨ ਕੀਤੇ ਜਾਂਦੇ ਹਨ ਨਹੀਂ ਤਾਂ ਇੰਨਾਂ ਕੰਮਾਂ ਦੇ ਦੁਬਾਰਾ ਟੈਂਡਰ ਮੰਗੇ ਜਾਣ । ਲੜੀ ਨੰ: 1 ਦੇ ਟੈਂਡਰ ਨੂੰ ਪ੍ਰਵਾਨ ਕੀਤਾ ਜਾਂਦਾ ਹੈ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

28.6.2019

ਮਤਾ ਨੰ:-98
ਵਿਸ਼ਾ:- ਟੈਂਡਰ ਪ੍ਰਵਾਨ ਕਰਨ ਦੇ ਸਬੰਧ ਵਿੱਚ।

ਪੜਿਆ ਨੋਟ ਟੈਂਡਰ ਸੈਲ (ਬੀ ਐਂਡ ਆਰ) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਰੁਪਏ ਲੱਖਾਂ ਵਿੱਚ**

| Sr. No | W. No | Name of Work | Est. Amt. | BOQ Amt | Saving %age | Tender Amt. | Name of Agency | Tender called (No. of Times) | No. of Tender Received | House Resolution |
|---|---|---|---|---|---|---|---|---|---|---|
| 1. | 65 | Const. of CC roads in Gopal Nagar | 13.99 | 13.65 | 7.00 | 12.70 | Avtar Singh | 4th Time | 02 | 97(76) 25.06.18 |
| 2. | 37 | Const. of Nijatam Nagar main road. | 19.70 | 19.25 | 3.21 | 18.63 | Moga LC Society | 4th Time | 01 | 99(20) 25.06.18 |
| 3. | 33 | Re-Conditioning of streets in mohalla Avtar Nagar. | 12.03 | 11.83 | 2.50 | 11.54 | Jaswinderjit Singh | 4th Time | 01 | 99(10) 25.06.18 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। । ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 21.6.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਮੱਦ ਵਿੱਚ ਦਰਜ ਲੜੀ ਨੰ: 2 ਅਤੇ 3 ਦੇ ਟੈਂਡਰਾਂ ਸਬੰਧੀ ਜੇਕਰ ਠੇਕੇਦਾਰ / ਏਜੰਸੀਆਂ 5% ਸੇਵਿੰਗ ਲਈ ਸਹਿਮਤ ਹੋਵੇ ਤਾਂ ਇਹ ਟੈਂਡਰ ਪ੍ਰਵਾਨ ਕੀਤੇ ਜਾਂਦੇ ਹਨ ਨਹੀਂ ਤਾਂ ਇੰਨਾਂ ਕੰਮਾਂ ਦੇ ਦੁਬਾਰਾ ਟੈਂਡਰ ਮੰਗੇ ਜਾਣ । ਲੜੀ ਨੰ: 1 ਦੇ ਟੈਂਡਰ ਨੂੰ ਪ੍ਰਵਾਨ ਕੀਤਾ ਜਾਂਦਾ ਹੈ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
28.6.2019

ਮਤਾ ਨੰ:-99

ਵਿਸ਼ਾ:- Replacement of existing Street Lights with Energy Efficient LED Street Lights, installation of control system on monetized basis along with O&M for 10 years (work awarded to PCP International Ltd.)

ਪੜ੍ਹਿਆ ਨੋਟ ਸਟਰੀਟ ਲਾਈਟ ਸ਼ਾਖਾ ਕਿ ਵਿਸ਼ੇ ਸਬੰਧੀ ਦਸਿਆ ਜਾਂਦਾ ਹੈ ਕਿ ਉਕਤ ਕੰਮ ਦਾ ਤਖਮੀਨਾ ਨਗਰ ਨਿਗਮ ਦੇ ਜਨਰਲ ਹਾਊਸ ਵਲੋਂ ਮਤਾ ਨੰਬਰ 106 ਮਿਤੀ 5.12.2016 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਟੈਂਡਰ ਕਾਲ ਕਰਨ ਉਪਰੰਤ ਇਹ ਕੰਮ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰਬਰ 295 ਮਿਤੀ 23.12.2016 ਰਾਹੀਂ ਮੈਸ: ਪੀ.ਸੀ.ਪੀ ਇੰਟਰਨੈਸ਼ਨਲ ਲਿਮਿਟੇਡ ਨੂੰ ਅਲਾਟ ਕਰਨਾ ਪ੍ਰਵਾਨ ਕੀਤਾ ਗਿਆ ਸੀ। ਵਿੱਤ ਅਤੇ ਠੇਕਾ ਕਮੇਟੀ ਵਲੋਂ ਠੇਕਾ ਪ੍ਰਵਾਨ ਕਰਨ ਸਮੇਂ PCP International Ltd. ਨਾਲ ਨੈਗੋਸੀਏਸ਼ਨ ਕੀਤੀ ਗਈ ਸੀ ਅਤੇ ਹੇਠ ਲਿਖੇ ਅਨੁਸਾਰ ਦੋ ਸ਼ਰਤਾਂ ਨੂੰ ਰਿਲੈਕਸ ਕਰਨਾ ਪ੍ਰਵਾਨ ਕੀਤਾ ਗਿਆ ਸੀ:-

1. ਸਾਰੀਆਂ ਲਾਈਟਾਂ ਦੀ ਬਜਾਏ ਅਜੰਸੀ ਨੂੰ ਫੇਜ ਵਾਈਜ 5000 ਤੋਂ 7000 ਤੱਕ ਐਲ.ਈ.ਡੀ ਲਾਈਟਾਂ ਲਗਵਾ ਕੇ, ਜਗਵਾ ਕੇ ਅਤੇ ਨਗਰ ਨਿਗਮ ਜਲੰਧਰ ਵਲੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟੇਡ ਪਾਸੋਂ ਲੋਡ ਘਟਵਾਉਣ ਉਪਰੰਤ ਅਦਾਇਗੀ ਕੀਤੀ ਜਾਵੇਗੀ ਪਰੰਤੂ ਜਿਸ ਦਿਨ ਤੋਂ ਲਾਈਟਾਂ ਜਗਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਮਹਿਕਮਾਂ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਇਨ੍ਹਾਂ ਲਾਈਟਾਂ ਦੀ ਇੰਸਟਾਲੇਸ਼ਨ ਅਤੇ ਵਰਕਿੰਗ ਆਰ.ਐਫ.ਪੀ ਡਾਕੂਮੇਂਟ ਮੁਤਾਬਿਕ ਹੋ ਗਈ ਹੈ, ਉਸ ਦਿਨ ਤੋਂ ਅਜੰਸੀ ਮੇਨਟੀਨੈਂਸ ਬਾਬਤ ਆਪਣਾ ਬਿਲ ਪੇਸ਼ ਕਰ ਸਕਦੀ ਹੈ ਅਤੇ ਉਸਦੀ ਅਦਾਇਗੀ ਕੀਤੀ ਜਾਵੇਗੀ

2. ਅਜੰਸੀ ਵਲੋਂ 7 ਜੋਨਲ ਦਫਤਰਾਂ ਦੀ ਥਾਂ ਤੇ ਇਕੋਂ ਸੈਂਟਰਲਾਈਜਡ ਕੰਟਰੋਲ ਅਤੇ ਕਮਾਂਡ ਸੈਂਟਰ ਸਥਾਪਿਤ ਕੀਤਾ ਜਾਵੇਗਾ ਅਤੇ ਪੂਰੇ ਸ਼ਹਿਰ ਦੀਆਂ ਲਾਈਟਾਂ ਦੀਆਂ ਸ਼ਕਾਇਤਾਂ ਦਾ ਨਿਵਾਰਨ ਸੁਚੱਜੇ ਢੰਗ ਨਾਲ ਉਥੋਂ ਹੀ ਮਾਨਿਟਰ ਕੀਤਾ ਜਾਵੇਗਾ।

ਨਗਰ ਨਿਗਮ ਵਲੋਂ ਪੱਤਰ ਨੰਬਰ 841/SE/O&M (V) ਮਿਤੀ 24.12.2016 ਰਾਹੀਂ ਐਲ.ਓ.ਆਈ ਜਾਰੀ ਕਰਨ ਉਪਰੰਤ ਮਿਤੀ 17.03.2017 ਨੂੰ ਮੈਸ: ਪੀ.ਸੀ.ਪੀ ਇੰਟਰਨੈਸ਼ਨਲ ਲਿਮਿਟੇਡ ਨਾਲ ਇਕਰਾਰਨਾਮਾ ਕੀਤਾ ਗਿਆ ਸੀ। ਇਕਰਾਰਨਾਮੇ ਦੀਆਂ ਸ਼ਰਤਾਂ, ਡੀ.ਪੀ.ਆਰ (ਜਿਸ ਅਨੁਸਾਰ ਟੈਂਡਰ ਮੰਗੇ ਸਨ) ਦੀਆਂ ਸ਼ਰਤਾਂ ਨਾਲੋਂ ਅਲੱਗ ਹਨ, ਜਿਨ੍ਹਾਂ ਵਿਚੋਂ ਕੁੱਝ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**Major deletions/ changes in contract agreement**

i) Name of contract has been modified from scope of work to Scope of services without any explanation. Term 'work' implies supply of materials and labour to complete contract. Term 'services' imply that contractor brings only labour and all materials (light fittings, CCMS) are supplied by MC. This will also have effect on applicable GST rates.

ii) Clause: "The contractor has to procure, install, test and commission LED luminaries and CCMS panel within 12 months from date of award of work". (Page 17 RFP). The clause is deleted from agreement.

iii) Clause on page 18 (task 1, condition 2) is modified, i.e.

| JMC RFP (tender doc) | Contract agreement signed with M/s PCP |
|---|---|
| The intent of JMC............ | The contractor has to optimize........... |

iv) Clause for marking on poles modified, ie, line in clause stating marking on pole to have a toll free number for lodging any complaint, is deleted:

v) Clause stipulating that installation testing and commissioning to be done within 12 month, falling which a penalty of Rs. 30000/ week will be applicable for a max period of 6 weeks after which the ESCORW would be penalised as follows: 2X (wattage of lights not installed) X 10 hours X (no of days delay beyond 6 weeks X tariff). This full clause is deleted.

vi) Clause stipulating that contractor to store inventory of 2 months for O&M is deleted.

vii) The clauses stipulating (1) contractor will attend to consumer complaints of CCMS report for defects and (2) defect rectification within 48 hours- Clause deleted

viii) Penalty clauses in case less than 95% lamps glow for more than 7 days : Penalty = 2X (wattage of lights not installed) X 10 Hours X (no of days delay beyond 6 weeks X tariff) or Rs. 25 per day per lamp whichever is higher. Clause deleted

ਇਕਰਾਰਨਾਮੇ ਅਨੁਸਾਰ ਕੰਪਨੀ ਵਲੋਂ ਇੱਕ ਸਾਲ ਦੇ ਸਮੇਂ ਅੰਦਰ ਸਾਰੀਆਂ ਸੋਡੀਅਮ ਲਾਈਟਾਂ ਨੂੰ ਐਲ.ਈ.ਡੀ ਲਾਈਟਾਂ ਵਿੱਚ ਤਬਦੀਲ ਕੀਤਾ ਜਾਣਾ ਸੀ। ਕੰਪਨੀ ਵਲੋਂ ਕੰਮ ਸ਼ੁਰੂ ਕਰਨ ਉਪਰੰਤ ਜੂਨ, 2018 ਤੱਕ ਲਗਭੱਗ 3700 ਲਾਈਟਾਂ ਲਗਾਈਆਂ ਗਈਆਂ ਸਨ ਅਤੇ ਨਗਰ ਨਿਗਮ ਵਲੋਂ Escrow Account ਅਤੇ Bank Guarantee ਦੀ ਡੀਮਾਂਡ ਕਰਦਿਆਂ ਕੰਪਨੀ ਵਲੋਂ ਕੰਮ ਬੰਦ ਕਰ ਦਿੱਤਾ ਗਿਆ ਸੀ। ਇਸ ਉਪਰੰਤ ਰੋਹਨ ਸਹਿਗਲ, ਕੌਂਸਲਰ ਵਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਕੰਪਨੀ ਨੂੰ ਟੈਂਡਰ ਅਲਾਟ ਕਰਨ ਸਮੇਂ ਪਾਰਦਰਸ਼ਤਾ ਨਹੀਂ ਵਰਤੀ ਗਈ ਅਤੇ ਕੰਪਨੀ ਨੂੰ ਲਾਭ ਪਹੁਚਾਉਣ ਲਈ ਟੈਂਡਰ ਦੀਆਂ ਸ਼ਰਤਾਂ ਵਿੱਚ ਤਬਦੀਲੀ ਕੀਤੀ ਗਈ ਹੈ। ਇਸ ਸਭ ਦੀ ਜਾਂਚ ਸਥਾਨਕ ਸਰਕਾਰ ਵਿਭਾਗ ਦੇ ਸੀ.ਵੀ.ਓ ਸੈਲ ਵਲੋਂ ਕੀਤੀ ਗਈ ਹੈ। ਸੀ.ਵੀ.ਓ ਸੈਲ ਦੀ ਰਿਪੋਰਟ ਹੁਣ ਤੱਕ ਇਸ ਦਫਤਰ ਨੂੰ ਪ੍ਰਾਪਤ ਨਹੀਂ ਹੋਈ ਹੈ। ਕੰਪਨੀ ਵੱਲੋਂ ਅਕਤੂਬਰ 2018 ਤੱਕ ਕੁੱਲ 5025 ਲਾਇਟਾਂ ਲਗਾਈਆਂ ਗਈਆਂ ਸਨ। ਕੰਪਨੀ ਵਲੋਂ ਨਵੰਬਰ 2018 ਤੋਂ ਸੋਡੀਅਮ ਲਾਈਟਾਂ ਨੂੰ ਐਲ.ਈ.ਡੀ ਲਾਈਟਾਂ ਵਿੱਚ ਤਬਦੀਲ ਕਰਨ ਦਾ ਕੰਮ ਬਿਲਕੁੱਲ ਬੰਦ ਕੀਤਾ ਹੋਇਆ ਹੈ ਅਤੇ ਪਹਿਲਾਂ ਲਗਾਈਆਂ ਐਲ.ਈ.ਡੀ ਲਾਈਟਾਂ ਨੂੰ ਵੀ ਨਹੀਂ ਜਗਾਇਆ ਜਾ ਰਿਹਾ ਹੈ, ਜਿਸ ਕਾਰਨ ਕਿਸੇ ਵੀ ਸਮੇਂ ਕੋਈ ਅਣਸੁਖਾਂਵੀ ਘਟਣਾ ਵਾਪਰ ਸਕਦੀ ਹੈ। ਪਬਲਿਕ ਹਿੱਤ ਅਤੇ ਕਿਸੇ ਅਣਸੁਖਾਂਵੀ ਘਟਣਾ ਨੂੰ ਰੋਕਣ ਲਈ ਲਾਈਟਾਂ ਦਾ ਜਗਾਇਆ ਜਾਣਾ ਅਤੀ ਜਰੂਰੀ ਹੈ। ਕੰਪਨੀ ਨੂੰ ਲਗਾਈਆਂ ਲਾਈਟਾਂ ਜਗਾਉਣ ਲਈ ਬਾਰ-ਬਾਰ ਕਿਹਾ ਗਿਆ ਪਰੰਤੂ ਉਨ੍ਹਾਂ ਵਲੋਂ ਲਾਈਟਾਂ ਨਹੀਂ ਜਗਾਈਆਂ ਜਾ ਰਹੀਆਂ ਹਨ।

ਉਪਰੋਕਤ ਅਨੁਸਾਰ ਐਗਰੀਮੇਂਟ ਅਤੇ ਆਰ.ਐਫ.ਪੀ ਵਿੱਚ ਪਾਏ ਫਰਕ ਨੂੰ ਦੂਰ ਕਰਨ ਅਤੇ ਉਹ ਵਿੱਤੀ ਲਾਭ ਜੋ ਆਰ.ਐਫ.ਪੀ ਦਾ ਹਿਸਾ ਨਾ ਹੋਣ ਕਾਰਨ ਕੰਪਨੀ ਨੂੰ ਨਹੀਂ ਦਿਤੇ ਜਾ ਸਕਦੇ ਸਨ, ਨੂੰ ਦੋਬਾਰਾ ਵਾਚਣ ਲਈ ਅਤੇ ਕੰਪਨੀ ਨੂੰ ਨਗਰ ਨਿਗਮ ਨਾਲ ਚੱਲ ਰਹੇ ਮਸਲੇ ਨੂੰ ਇਕਰਾਰਨਾਮੇ ਦੀ ਧਾਰਾ 22/1 ਅਧੀਨ ਆਪਸੀ ਸਹਿਮਤੀ ਨਾਲ ਹੱਲ ਕਰਨ ਲਈ ਪੱਤਰ ਨੰਬਰ 192/SE/L ਮਿਤੀ 19.03.2019 ਅਤੇ ਪੱਤਰ ਨੰਬਰ 195/SE/L ਮਿਤੀ 22.03.2019 ਰਾਹੀਂ ਲਿਖਿਆ ਗਿਆ ਸੀ ਪਰੰਤੂ ਕੰਪਨੀ ਐਗਰੀਮੇਂਟ ਨੂੰ ਆਰ.ਐਫ.ਪੀ ਅਨੁਸਾਰ ਸੋਧਣ ਲਈ ਤਿਆਰ ਨਹੀਂ ਹੋਈ ਅਤੇ ਕੰਪਨੀ ਨੇ ਇਕਰਾਰਨਾਮੇ ਦੀ ਧਾਰਾ 22(ii) ਅਧੀਨ ਆਰਬੀਟੇਟਰ ਨਿਯੁਕਤ ਕਰਨ ਲਈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਦਾਇਰ ਕਰ ਦਿੱਤਾ ਹੈ, ਜਿਸ ਦੀ ਅਗਲੀ ਤਾਰੀਖ ਮਿਤੀ 12.07.2019 ਹੈ। ਇਸ ਤਰ੍ਹਾਂ ਇਹ ਕੇਸ ਹੋਰ ਵੀ ਗੁੰਝਲਦਾਰ ਹੋ ਗਿਆ ਹੈ। ਇਸ ਲਈ ਨਗਰ ਨਿਗਮ ਨੂੰ ਇਸ ਪ੍ਰੋਜੈਕਟ ਨੂੰ ਨਹੀਂ ਕਰਵਾਉਣਾ ਚਾਹੀਦਾ।

ਇਸ ਲਈ ਉਕਤ ਹਾਲਾਤਾਂ ਦੇ ਮੱਦੇਨਜਰ ਪੀ.ਸੀ.ਪੀ ਇੰਟਰਨੈਸ਼ਨਲ ਲਿਮਿਟੇਡ ਨਾਲ ਕੀਤਾ ਗਿਆ ਇਕਰਾਰਨਾਮਾ ਰੱਦ ਕਰਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੇ ਵਿਚਾਰਣ ਹਿੱਤ ਰਿਪੋਰਟ ਪੇਸ਼ ਹੈ ਜੀ। ਨਿਗਰਾਨ ਇੰਜੀਨਿਅਰ (ਲਾਈਟ) ਨੇ ਮਿਤੀ 24.6.2019 ਨੂੰ ਇਸ ਤਜਵੀਜ਼ ਸਬੰਧੀ ਸਿਫਾਰਸ਼ ਕੀਤੀ ਹੈ ।ਕਮਿਸ਼ਨਰ ਜੀ ਨੇ ਆਪਣੇ ਨੋਟ ਮਿਤੀ 24.6.2019 ਰਾਹੀਂ ਲਿਖਿਆ ਹੈ ਕਿ "The office note is in detail. Submitted. There are major changes in RFP to agreement which is not permissible."

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 27.6.2019 ਰਾਹੀਂ ਉਕਤ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਲਿਆ ਗਿਆ ਕਿ ਦਫ਼ਤਰ ਵਲੋਂ ਡਿਟੇਲ ਵਿੱਚ ਰਿਪੋਰਟ ਕੀਤੀ ਗਈ ਹੈ । ਰਿਪੋਰਟ ਅਨੁਸਾਰ ਆਰ.ਐਫ.ਪੀ. ਅਤੇ ਇਕਰਾਰਨਾਮੇ ਵਿੱਚ ਫਰਕ ਹੈ ਜ਼ੋ ਕਿ ਨਹੀਂ ਕੀਤਾ ਜਾ ਸਕਦਾ । ਵਿੱਤ ਅਤੇ ਠੇਕਾ ਕਮੇਟੀ ਵਲੋਂ ਵੀ ਕੁਝ ਰਿਆਇਤਾਂ ਦਿੱਤੀਆਂ ਗਈਆਂ ਹਨ । ਇਸ ਤੋਂ ਇਲਾਵਾ ਕੰਪਨੀ ਨੇ ਹੁਣ ਕੰਮ ਬਿਲਕੁਲ ਬੰਦ ਕਰ ਦਿੱਤਾ ਹੈ । ਪਹਿਲਾਂ ਲਗਾਈਆਂ ਲਾਈਟਾਂ ਵੀ ਨਹੀਂ ਜਗਾਈਆਂ ਜਾ ਰਹੀਆਂ ਜਿਸ ਕਾਰਨ ਕਿਸੇ ਸਮੇਂ ਵੀ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ । ਸੋ ਆਰ.ਐਫ.ਪੀ. ਅਤੇ ਇਕਰਾਰਨਾਮੇ ਵਿੱਚ ਖਾਸੇ ਫਰਕ ਅਤੇ ਕੰਪਨੀ ਵਲੋਂ ਕੰਮ ਨਾ ਕਰਨ ਕਾਰਨ ਵਿੱਤ ਅਤੇ ਠੇਕਾ ਕਮੇਟੀ ਵਲੋਂ ਸਰਵਸੰਮਤੀ ਨਾਲ ਇਹ ਇਕਰਾਰਨਾਮਾ ਟਰਮੀਨੇਟ ਕਰਨਾ ਪ੍ਰਵਾਨ ਕੀਤਾ ਜਾਂਦਾ ਹੈ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
28.6.2019

**ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ**
**ਮੱਦ ਨੰ: 100 ਰੈਗੁਲਰ ਅਜੰਡੇ ਤੋਂ ਬਾਹਰੋਂ ਲਈ ਗਈ ।**

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
28.6.2019

ਮਤਾ ਨੰ:-100
ਵਿਸ਼ਾ:- ਗਾਰਬੇਜ਼ ਹਾਪਰ ਖਰੀਦ ਕਰਨ ਸਬੰਧੀ।

ਨਿਗਰਾਨ ਇੰਜੀਨਿਅਰ (ਵਰਕਸ਼ਾਪ) ਵਲੋਂ ਕਮੇਟੀ ਸਨਮੁੱਖ ਇੱਕ ਨੋਟ ਪੇਸ਼ ਕੀਤਾ ਗਿਆ ਕਿ ਨਗਰ ਨਿਗਮ ਹਾਊਸ ਵੱਲੋਂ ਮਤਾ ਨੰ: 176 ਮਿਤੀ 18.10.18 ਰਾਹੀਂ 20 ਨੰਬਰ ਗਾਰਬੇਜ਼ ਹਾਪਰ ਖਰੀਦ ਕਰਨ ਲਈ 1.40 ਕਰੋੜ ਰੁਪਏ ਦਾ ਤਖਮੀਨਾ ਪ੍ਰਵਾਨ ਕੀਤਾ ਗਿਆ ਸੀ। ਇਸ ਮਤੇ ਦੀ ਪ੍ਰਵਾਨਗੀ ਸਰਕਾਰ ਵੱਲੋਂ ਪੱਤਰ ਨੰ: 6 ਮਿਤੀ 08.12.18 ਰਾਹੀਂ ਪ੍ਰਾਪਤ ਹੋ ਚੁਕੀ ਹੈ, ਕਿਉ ਜ਼ੋ ਇਹ ਤਖਮੀਨਾ 1.00 ਕਰੋੜ ਤੋ ਉਪਰ ਦਾ ਸੀ, ਇਸ ਲਈ ਤਕਨੀਕੀ ਪ੍ਰਵਾਨਗੀ ਲਈ ਮੁੱਖ ਇੰਜੀਨੀਅਰ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਨੂੰ ਭੇਜਿਆ ਗਿਆ ਸੀ। ਮੁੱਖ ਇੰਜੀਨੀਅਰ ਵੱਲੋਂ ਇਹ ਤਖਮੀਨਾ ਪੱਤਰ ਨੰ: 152/ਸੀ.ਈ/ਡਬਲਯੂ.ਐਸ/ਜੀ ਮਿਤੀ 07.01.19 ਰਾਹੀਂ 5,20,000/- ਰੁਪਏ ਪ੍ਰਤੀ ਹਾਪਰ ਪ੍ਰਵਾਨ ਕੀਤਾ ਗਿਆ ਹੈ।

ਹੁਣ ਸਿਹਤ ਅਫਸਰ ਨਗਰ ਨਿਗਮ ਵੱਲੋਂ ਲਿਖ ਕੇ ਦਿੱਤਾ ਗਿਆ ਹੈ ਕਿ ਮਾਨਯੋਗ ਕਮਿਸ਼ਨਰ ਜੀ, ਡਿਪਟੀ ਮੇਅਰ ਅਤੇ ਕੌਂਸਲਰ ਸ੍ਰੀ ਸਮਰਾਏ ਜੀ ਦੇ ਨਾਲ MSW Management ਲਈ Vellore ਸ਼ਹਿਰ ਦਾ ਦੋਰਾ ਕੀਤਾ ਗਿਆ ਸੀ। ਇਸ ਦੌਰਾਨ ਉਸ ਜਗ੍ਹਾ ਤੇ MSW Collection ਲਈ MSW Battery Operated ਮਸ਼ੀਨਰੀ ਦਾ ਇਸਤੇਮਾਲ ਕੀਤਾ ਜਾ ਰਿਹਾ ਸੀ। ਇਸ ਨੂੰ ਸਾਰਿਆਂ ਵੱਲੋਂ ਬਹੁਤ ਪਸੰਦ ਕੀਤਾ ਗਿਆ ਸੀ। ਇਸ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਤਰ੍ਹਾ MSW Collection ਲਈ MSW Battery Operated ਮਸ਼ੀਨਰੀ ਦੀ ਖਰੀਦ ਕੀਤੀ ਜਾਵੇ ਜੀ।

ਇਸ ਬਾਰੇ ਹੋਰ ਘੋਖਣ ਤੇ ਪਾਇਆ ਗਿਆ ਕਿ ਸਥਾਨਕ ਸਰਕਾਰ ਪੰਜਾਬ ਵੱਲੋਂ ਜਾਰੀ ਪੱਤਰ ਨੰ: AT PS/44/ Local Govt, dt 22.12.17 ਰਾਹੀਂ ਪਟਿਆਲਾ ਨਗਰ ਨਿਗਮ ਨੂੰ ਵਿਸ਼ੇਸ਼ ਤੋਰ ਤੇ ਬੈਟਰੀ ਓਪਰੇਟਿਡ ਗਾਰਬੇਜ਼ ਹਾਪਰ ਖਰੀਦ ਕਰਨ ਦੀ ਹਦਾਇਤ ਕੀਤੀ ਸੀ। ਬੈਟਰੀ ਓਪਰੇਟਿਡ ਗਾਰਬੇਜ਼ ਹਾਪਰ ਖਰੀਦ ਕਰਨ ਨਾਲ ਜਿਥੇ ਨਗਰ ਨਿਗਮ ਨੂੰ ਵਿੱਤੀ ਲਾਭ ਹੋਵੇਗਾ, ਉਥੇ ਹੀ ਇਹ ਹਾਪਰ ਵਾਤਾਵਰਣ ਨੂੰ ਸ਼ੁਧ ਰੱਖਣ ਵਿੱਚ ਵੀ ਸਹਾਇਕ ਹੋਵੇਗਾ। ਇਹ ਹਾਪਰ I CAT ਤੇ ਸਰਟੀਫਾਈਡ ਹੋਵੇਗਾ। ਇਹ ਹਾਪਰ ਵਿੱਚ Lithimise ਬੈਟਰੀ ਦਾ ਉਪਯੋਗ ਕੀਤਾ ਜਾਵੇਗਾ ।

ਫੈਸਲਾ:

ਪ੍ਰਵਾਨ ਹੈ ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
28.6.2019